ਭਗਤ ਨਾਮਦੇਵ - ਸਬਦ ੨

ਏਕ ਅਨੇਕ ਬਿਆਪਕ ਪੂਰਕ ਜਤ ਦੇਖਉ ਤਤ ਸੋਈ ॥

ਰਾਗੁ ਆਸਾ, ਭਗਤ ਨਾਮਦੇਵ, ਗੁਰੂ ਗ੍ਰੰਥ ਸਾਹਿਬ, ੪੮੫

ਏਕ ਅਨੇਕ ਬਿਆਪਕ ਪੂਰਕ ਜਤ ਦੇਖਉ ਤਤ ਸੋਈ ॥
ਮਾਇਆ ਚਿਤ੍ਰ ਬਚਿਤ੍ਰ ਬਿਮੋਹਿਤ ਬਿਰਲਾ ਬੂਝੈ ਕੋਈ ॥੧॥
ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ ॥
ਸੂਤੁ ਏਕੁ ਮਣਿ ਸਤ ਸਹੰਸ ਜੈਸੇ ਓਤਿ ਪੋਤਿ ਪ੍ਰਭੁ ਸੋਈ ॥੧॥ ਰਹਾਉ ॥
ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ ॥
ਇਹੁ ਪਰਪੰਚੁ ਪਾਰਬ੍ਰਹਮ ਕੀ ਲੀਲਾ ਬਿਚਰਤ ਆਨ ਨ ਹੋਈ ॥੨॥
ਮਿਥਿਆ ਭਰਮੁ ਅਰੁ ਸੁਪਨ ਮਨੋਰਥ ਸਤਿ ਪਦਾਰਥੁ ਜਾਨਿਆ ॥
ਸੁਕਿ®ਤ ਮਨਸਾ ਗੁਰ ਉਪਦੇਸੀ ਜਾਗਤ ਹੀ ਮਨੁ ਮਾਨਿਆ ॥੩॥
ਕਹਤ ਨਾਮਦੇਉ ਹਰਿ ਕੀ ਰਚਨਾ ਦੇਖਹੁ ਰਿਦੈ ਬੀਚਾਰੀ ॥
ਘਟ ਘਟ ਅੰਤਰਿ ਸਰਬ ਨਿਰੰਤਰਿ ਕੇਵਲ ਏਕ ਮੁਰਾਰੀ ॥੪॥੧॥

ਸਾਰ: ਸਾਰੀ ਸ੍ਰਿਸ਼ਟੀ ਸਰਵ-ਵਿਆਪਕ ਊਰਜਾ ਨਾਲ ਸੂਖਮ ਅਤੇ ਪੇਚੀਦਾ ਰੂਪ ਵਿਚ ਜੁੜੀ ਹੋਈ ਹੈ, ਬਿਲਕੁਲ ਉਸ ਧਾਗੇ ਵਾਂਗ ਜੋ ਇਕ ਹੀ ਮਾਲਾ ਵਿਚ ਕਈ ਮੋਤੀਆਂ ਨੂੰ ਪਰੋ ਕੇ ਰੱਖਦਾ ਹੈ। ਭਾਵੇਂ ਇਹ ਊਰਜਾ ਬਹੁਤ ਸੂਖਮ ਹੈ ਅਤੇ ਆਸਾਨੀ ਨਾਲ ਸਮਝੀ ਨਹੀਂ ਜਾ ਸਕਦੀ, ਪਰ ਇਹ ਹੋਂਦ ਦੇ ਹਰ ਪਹਿਲੂ ਵਿਚ ਵਹਿੰਦੀ ਹੋਈ ਬ੍ਰਹਿਮੰਡ ਦੇ ਹਰ ਭਾਗ ਨੂੰ ਆਪਸ ਵਿਚ ਸਦਭਾਵਨਾ ਪੂਰਨ ਜੋੜਦੀ ਹੈ। ਦੂਜੇ ਪੱਖ ਤੋਂ ਦੇਖਿਆ ਜਾਵੇ ਤਾਂ ਇਹ ਸਰਵਵਿਆਪਕ ਊਰਜਾ ਰਚਨਾਤਮਕਤਾ ਅਤੇ ਨਵੀਨਤਾ ਦਾ ਸੋਮਾ ਵੀ ਮੰਨੀ ਜਾ ਸਕਦੀ ਹੈ, ਜੋ ਲਗਾਤਾਰ ਰੁਪਾਂਤ੍ਰਣ ਰਾਹੀਂ ਜੀਵਨ ਨੂੰ ਤ੍ਰਾਸ਼ਦੀ ਹੋਈ ਇਸ ਨੂੰ ਕਾਇਮ ਰੱਖਦੀ ਹੈ। ਇਹ ਸੂਝ ਸਾਨੂੰ ਸਮੁਚੀ ਸ੍ਰਿਸ਼ਟੀ ਵਿਚ ਤਦਰੂਪ ਹੋਈ ਏਕਤਾ ਨੂੰ ਉਸ ਤਰ੍ਹਾਂ ਪਛਾਣਣ ਲਈ ਪ੍ਰੇਰਿਤ ਕਰਦੀ ਹੈ, ਜਿਵੇਂ ਪਾਣੀ ਵਿਚਲੀਆਂ ਲਹਿਰਾਂ, ਝੱਗ ਅਤੇ ਬੁੱਲਬੁਲੇ ਪਾਣੀ ਤੋਂ ਵੱਖ ਨਹੀਂ ਹੁੰਦੇ।

ਏਕ ਅਨੇਕ ਬਿਆਪਕ ਪੂਰਕ ਜਤ ਦੇਖਉ ਤਤ ਸੋਈ ॥
ਇਕ ਸਰਬਵਿਆਪਕ ਚੇਤਨਾ ਅਨੇਕ ਰੂਪਾਂ ਰਾਹੀਂ ਪ੍ਰਗਟ ਹੋ ਕੇ ਸਭ ਵਿਚ ਵਿਆਪਕ ਹੈ; ਮੈਂ ਜਿੱਥੇ ਵੀ ਨਜ਼ਰ ਮਾਰਦਾ ਹਾਂ, ਉੱਥੇ ਉਹੀ ਇਕੋ ਜਿਹੀ ਊਰਜਾ ਦਿਖਾਈ ਦਿੰਦੀ ਹੈ।

ਮਾਇਆ ਚਿਤ੍ਰ ਬਚਿਤ੍ਰ ਬਿਮੋਹਿਤ ਬਿਰਲਾ ਬੂਝੈ ਕੋਈ ॥੧॥
ਭਰਮਾਂ ਦੀ ਵੱਖ-ਵੱਖ ਖੇਡ ਇਕ ਮੋਹਕ ਦ੍ਰਿਸ਼ ਪੈਦਾ ਕਰਦੀ ਹੈ ਜੋ ਅਨੇਕਾਂ ਨੂੰ ਮੋਹ ਲੈਂਦੀ ਹੈ, ਪਰ ਇਸ ਨੂੰ ਅਸਲ ਵਿਚ ਕੋਈ ਵਿਰਲਾ ਹੀ ਸਮਝ ਪਾਉਂਦਾ ਹੈ। (੧)

ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ ॥
ਹੋਂਦ ਦਾ ਹਰ ਪਹਿਲੂ ਗੰਭੀਰ ਊਰਜਾ ਨਾਲ ਭਰਪੂਰ ਹੈ; ਇਹ ਸਰਵਵਿਆਪੀ ਜਾਗਰੂਕਤਾ ਹਰ ਵਸਤ ਵਿਚ ਫੈਲੀ ਹੋਈ ਹੈ। ਇਸ ਇਕ, ਅਦ੍ਰਿਸ਼ ਸਤਾ ਤੋਂ ਬਿਨਾਂ, ਹੋਰ ਕੁਝ ਵੀ ਨਹੀਂ ਹੁੰਦਾ। ਇਹ ਸਪੱਸ਼ਟਤਾ ਦਰਸਾਉਂਦੀ ਹੈ ਕਿ ਅਸੀਂ ਜੋ ਵੀ ਦੇਖਦੇ ਹਾਂ ਉਹ ਉਸੇ ਮੂਲ ਚੇਤਨਾ ਦਾ ਪ੍ਰਗਟਾਵਾ ਹੈ।

ਸੂਤੁ ਏਕੁ ਮਣਿ ਸਤ ਸਹੰਸ ਜੈਸੇ ਓਤਿ ਪੋਤਿ ਪ੍ਰਭੁ ਸੋਈ ॥੧॥ ਰਹਾਉ ॥
ਜਿਵੇਂ ਇਕ ਧਾਗਾ ਅਣਗਿਣਤ ਮਣਕਿਆਂ ਨੂੰ ਪਰੋ ਕੇ ਰੱਖਦਾ ਹੈ; ਇਸੇ ਤਰ੍ਹਾਂ, ਸਾਰੀ ਸ੍ਰਿਸ਼ਟੀ ਇਕੋ ਇਕ ਵਿਸ਼ਵਵਿਆਪੀ ਊਰਜਾ ਦੁਆਰਾ ਬੁਣੀ ਹੋਈ ਹੈ। ਇਹ ਹਕੀਕਤ ਸਾਨੂੰ ਠਹਿਰਾਉ ਵਿਚ ਇਹ ਪਛਾਣਨ ਦੀ ਤਾਕੀਦ ਕਰਦੀ ਹੈ ਕਿ ਸਾਡੇ ਸਾਰੇ ਵਖਰੇਵਿਆਂ ਦੇ ਹੇਠਾਂ ਇਕ ਅਟੁੱਟ ਏਕਤਾ ਸਮੋਈ ਹੋਈ ਹੈ। (੧)(ਠਹਿਰਾਉ)

ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ ॥
ਲਹਿਰਾਂ, ਝੱਗ ਅਤੇ ਬੁਲਬੁਲੇ ਪਾਣੀ ਤੋਂ ਵੱਖਰੇ ਨਹੀਂ ਹਨ। ਇਹ ਭਾਵ ਦਰਸਾਉਂਦਾ ਹੈ ਕਿ ਸ੍ਰਿਸ਼ਟੀ ਦੇ ਸਾਰੇ ਰੂਪ ਵੱਖੋਵੱਖਰੇ ਭਾਸ ਸਕਦੇ ਹਨ-, ਪਰ ਉਨ੍ਹਾਂ ਵਿਚਲਾ ਤੱਤਸਾਰ ਇੱਕੋ ਜਿਹਾ ਹੈ।

ਇਹੁ ਪਰਪੰਚੁ ਪਾਰਬ੍ਰਹਮ ਕੀ ਲੀਲਾ ਬਿਚਰਤ ਆਨ ਨ ਹੋਈ ॥੨॥

ਸੰਸਾਰਿਕ ਭਰਮ, ਉਸ ਸਿਰਮੌਰ ਅਦ੍ਰਿਸ਼, ਸਰਬ-ਵਿਆਪੀ ਊਰਜਾ ਦੀ ਇਕ ਅਸਚਰਜ ਖੇਡ ਵਾਲੀ ਕ੍ਰਿਤ ਹੈ; ਜਦੋਂ ਇਸ ਉਪਰ ਚਿੰਤਨ ਕੀਤਾ ਜਾਂਦਾ ਹੈ, ਤਾਂ ਇਹ ਅਣਜਾਣ ਨਹੀਂ ਰਹਿੰਦੀ। ਇਹ ਭਾਵ ਇਸ ਤੱਥ ਨੂੰ ਉਜਾਗਰ ਕਰਦਾ ਹੈ ਕਿ ਜਦੋਂ ਦਵੈਤ ਦੀ ਧਾਰਨਾ ਫਿੱਕੀ ਪੈ ਜਾਂਦੀ ਹੈ, ਤਾਂ ਇਹ ਉਸ ਹਕੀਕਤ ਨੂੰ ਪ੍ਰਗਟ ਕਰਦੀ ਹੈ ਜੋ ਸਾਡੇ ਅਨੁਭਵਾਂ ਉਪਰ ਵਿਚਾਰ ਕਰਨ 'ਤੇ ਉਭਰਦੀ ਹੈ। (੨)

ਮਿਥਿਆ ਭਰਮੁ ਅਰੁ ਸੁਪਨ ਮਨੋਰਥ ਸਤਿ ਪਦਾਰਥੁ ਜਾਨਿਆ ॥

ਝੂਠ, ਸ਼ੰਕਿਆਂ, ਸੁਪਨੇ ਅਤੇ ਇੱਛਾਵਾਂ ਨੂੰ ਸੱਚੀ, ਕੀਮਤੀ ਸੰਪਤੀ ਮੰਨਿਆ ਜਾਂਦਾ ਹੈ। ਇਹ ਜ਼ਹਿਨ ਵਿਚ ਯਾਦ ਰੱਖਣ ਵਾਲਾ ਉਹ ਕੀਮਤੀ ਪਹਿਲੂ ਹੈ ਕਿ ਦੁਨਿਆਵੀ ਭਰਮ ਸਾਨੂੰ ਧੋਖਾ ਦੇ ਸਕਦੇ ਹਨ, ਜਿਨ੍ਹਾਂ ਨੂੰ ਅਕਸਰ ਹਕੀਕਤ ਦਾ ਰੂਪ ਸਮਝਿਆ ਜਾਂਦਾ ਹੈ।

ਸੁਕਿ®ਤ ਮਨਸਾ ਗੁਰ ਉਪਦੇਸੀ ਜਾਗਤ ਹੀ ਮਨੁ ਮਾਨਿਆ ॥੩॥

ਗੁਣਾਂ ਨੂੰ ਧਾਰਨ ਕਰਨ ਦੀ ਇੱਛਾ ਬਿਬੇਕ ਦੇ ਤੱਤਸਾਰ ਤੋਂ ਪ੍ਰਭਾਵਿਤ ਇਕ ਪ੍ਰੇਰਨਾ ਹੈ; ਜਿਸਨੂੰ ਸਿਰਫ਼ ਜਾਗ੍ਰਿਤ ਮਨ ਹੀ ਸਵੀਕਾਰ ਕਰਦਾ ਹੈ। (੩)

ਕਹਤ ਨਾਮਦੇਉ ਹਰਿ ਕੀ ਰਚਨਾ ਦੇਖਹੁ ਰਿਦੈ ਬੀਚਾਰੀ ॥

ਨਾਮਦੇਵ ਕਹਿੰਦੇ ਹਨ, ਸਰਬਵਿਆਪੀ ਰਚਨਾਤਮਕ ਊਰਜਾ ਦੀ ਸਿਰਜਣਾ ਨੂੰ ਨਿਹਾਰੋ ਅਤੇ ਆਪਣੇ ਅੰਤਹਕਰਣ ਵਿਚ ਇਸ ਬਾਰੇ ਵਿਚਾਰ ਕਰੋ। ਇਹ ਭਾਵ ਜਾਗਰੂਕਤਾ ਪ੍ਰਾਪਤ ਕਰਨ ਲਈ ਸਵੈ-ਚਿੰਤਨ ਦੇ ਅਭਿਆਸ ਦਾ ਸਮਰਥਨ ਕਰਦਾ ਹੈ।

ਘਟ ਘਟ ਅੰਤਰਿ ਸਰਬ ਨਿਰੰਤਰਿ ਕੇਵਲ ਏਕ ਮੁਰਾਰੀ ॥੪॥੧॥

ਹੋਂਦ ਦੇ ਹਰ ਪਹਿਲੂ ਵਿਚ, ਅਤੇ ਸਾਰਿਆਂ ਦੇ ਧੁਰ ਅੰਦਰ, ਇਕੋ ਇਕ ਸਰਵ-ਵਿਆਪੀ ਜਾਗਰੂਕਤਾ ਦਾ ਵਾਸਾ ਹੈ। ਇਹ ਭਾਵ ਵੰਨ-ਸੁਵੰਨਤਾ ਦੇ ਅੰਦਰ ਸਮਾਈ ਹੋਈ ਏਕਤਾ ਨੂੰ ਉਜਾਗਰ ਕਰਦਾ ਹੈ। (੪)(੧)

ਤੱਤ: ਭਗਤ ਨਾਮਦੇਵ ਸਾਨੂੰ ਆਪਣੇ ਆਲੇ ਦੁਆਲੇ ਦੀ ਦੁਨੀਆਂ ਨੂੰ ਧਿਆਨ ਨਾਲ ਦੇਖਣ ਅਤੇ ਇਹ ਸਮਝਣ ਲਈ ਉਤਸ਼ਾਹਿਤ ਕਰਦੇ ਹਨ ਕਿ ਸੱਚੀ ਨੈਤਿਕ ਜਾਗਰੂਕਤਾ, ਸਾਡੀ ਹੋਂਦ ਦੇ ਮੂਲ ਵਿਚ ਨਹਿਤ ਹੈ ਅਤੇ ਇਸਦੇ ਹਰ ਪਹਿਲੂ ਨੂੰ ਘੜਦੀ ਹੈ। ਨੈਤਿਕਤਾ ਪੇਚੀਦਾ ਵਰਤਾਰਾ ਹੈ ਅਤੇ ਇਸਨੂੰ ਸਿਰਫ਼ ਨਿਯਮਾਂ ਦੀ ਪਾਲਣਾ ਕਰਨ ਤੱਕ ਹੀ ਸੀਮਤ ਨਹੀਂ ਕੀਤਾ ਜਾ ਸਕਦਾ; ਇਸ ਲਈ ਖੁੱਲ੍ਹੇ ਮਨ ਅਤੇ ਨੇਕ ਗੁਣਾਂ ਨੂੰ ਪੈਦਾ ਕਰਨ ਵਾਲੀ ਇਮਾਨਦਾਰ ਵਚਨਬੱਧਤਾ ਦੀ ਲੋੜ ਹੁੰਦੀ ਹੈ। ਜਿਵੇਂ ਕਿਸੇ ਹੁਨਰ ਦੀ ਮੁਹਾਰਤ ਅਨੁਭਵੀ ਸਿੱਖਿਆ ਅਤੇ ਸਿਰਤੋੜ ਘਾਲਣਾ ਰਾਹੀਂ ਹੀ ਪ੍ਰਾਪਤ ਹੁੰਦੀ ਹੈ, ਉਸੇ ਤਰ੍ਹਾਂ ਰੂਹਾਨੀ ਸੂਝ ਵੱਲ ਸਾਡੀ ਯਾਤਰਾ ਦੀ ਟੇਕ ਸਮਰਪਣ ਅਤੇ ਸਵੈ-ਚਿੰਤਨ ਉਪਰ ਟਿਕੀ ਹੁੰਦੀ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**

ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**